# PC-5903/MH

**AS/2051**

**ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ–XII-(b))**

(Semester–II)

(May-2019)

Time : Three Hours] [Maximum Marks : 75

## ਭਾਗ–ੳ

I. (ੳ) ਦੋ ਅੱਖਰਾਂ ਵਾਲੇ ਕੋਈ **ਪੰਜ** ਸ਼ਬਦ ਲਿਖੋ।

(ਅ) ਤਿੰਨ ਅੱਖਰਾਂ ਵਾਲੇ ਕੋਈ **ਪੰਜ** ਸ਼ਬਦ ਲਿਖੋ।

(ੲ) 'ਕੰਨਾ' ਅਤੇ 'ਦੁਲੈਂਕੜ' ਮਾਤਰਾਵਾਂ ਦੀ ਵਰਤੋਂ ਕਰਦਿਆਂ **ਪੰਜ** ਸ਼ਬਦ ਲਿਖੋ। (15)

II. (ੳ) ਹੇਠ ਲਿਖੇ ਵਾਕਾਂ ਵਿਚੋਂ ਕੋਈ **ਪੰਜ** ਨਾਂਵ ਸ਼ਬਦ ਚੁਣੋ :

ਵਿਗਿਆਨ ਦੀਆਂ ਕਾਢਾਂ ਕਿਸੇ ਇਕ ਦੇਸ਼ ਜਾਂ ਧਰਤੀ ਦੇ ਖਿੱਤੇ ਦੇ ਲੋਕਾਂ ਦੀ ਦੇਣ ਨਹੀਂ ਹਨ। ਇਹਨਾਂ ਲਈ ਸਾਰੇ ਸੰਸਾਰ ਦੇ ਵਿਗਿਆਨੀਆਂ ਨੇ ਆਪਣਾ ਯੋਗਦਾਨ ਪਾਇਆਂ ਹੈ। ਕੋਈ ਕਾਢ ਭਾਵੇਂ ਕਿਸੇ ਵਿਗਿਆਨੀ ਨੇ ਕੱਢੀ ਹੋਵੇ, ਉਸਦਾ ਲਾਭ ਸਾਰੇ ਸੰਸਾਰ ਨੂੰ ਹੁੰਦਾ ਹੈ।

(ਅ) ਹੇਠ ਲਿਖੇ ਪੁਲਿੰਗ ਸ਼ਬਦਾਂ ਵਿਚੋਂ ਕਿਸੇ ਪੰਜ ਦੇ ਇਸਤਰੀਲਿੰਗ ਰੂਪ ਲਿਖੋ :

ਤਿੱਤਰ, ਗਾਇਕ, ਸੱਪ, ਸ਼ੇਰ, ਜੇਠ, ਪੰਜਾਬੀ, ਮਿੱਤਰ। (10)

## ਭਾਗ-ਅ

III. (ੳ) ਕਿਸੇ **ਪੰਜ** ਸ਼ਬਦਾਂ ਦੇ ਅਗੇਤਰ ਅਲੱਗ ਕਰਕੇ ਲਿਖੋ :

ਉਪਬੋਲੀ, ਅਸਹਿ, ਹਮਸਫ਼ਰ, ਸ੍ਵੈਮਾਣ, ਪਰਉਪਕਾਰ, ਬਦਕਾਰ, ਦੁਰਦਸ਼ਾ।

(ਅ) ਹੇਠ ਲਿਖੇ ਵਾਕਾਂ ਵਿਚੋਂ ਕੋਈ **ਪੰਜ** ਨਾਂਵ-ਵਾਕੰਸ਼ ਜਾਂ ਕਿਰਿਆ-ਵਾਕੰਸ਼ ਚੁਣੋ :

1. ਸਰਕਾਰੀ ਨੌਕਰੀ ਪ੍ਰਾਪਤ ਕਰਨ ਲਈ ਉਸਨੇ ਅੱਡੀ ਚੋਟੀ ਦਾ ਜ਼ੋਰ ਲਾਇਆ।
2. ਮਿਹਨਤੀ ਵਿਦਿਆਰਥੀ ਔਖੇ ਪ੍ਰਸ਼ਨਾਂ ਤੋਂ ਨਹੀਂ ਡਰਦੇ।
3. ਸਿਆਣੇ ਮਾਪੇ ਬੱਚਿਆਂ ਦੇ ਭਵਿੱਖ ਦੀ ਚਿੰਤਾ ਕਰਦੇ ਹਨ।
4. ਸੰਤੁਲਿਤ ਖੁਰਾਕ ਖਾਣੀ ਚਾਹੀਦੀ ਹੈ।
5. ਸਾਡੇ ਪਿੰਡ ਦਾ ਸਕੂਲ ਅਪਗ੍ਰੇਡ ਹੋ ਗਿਆ ਹੈ।

(10)

IV. ਹੇਠ ਲਿਖੇ ਪੈਰੇ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ :

ਮੰਗਲ ਸਿੰਹਾਂ ਤੈਨੂੰ ਆਖਿਆ ਸੀ ਨਾ ਆਲ੍ਹਣਿਓ ਡਿੱਗਾ ਬੋਟ ਮੁੜ ਨਹੀਂ ਵਿਚ ਪਿਆ ਕਦੀ ਪਿੰਡੋਂ ਨਿਕਲਕੇ ਤੂੰ ਅਸਲੋਂ ਬੇਗਾਨਾ ਹੋ ਗਿਆ ਏਂ ਆਲਾ ਸਿੰਘ ਨੇ ਉਲ੍ਹਾਮਾ ਦਿੱਤਾ ਤੇ ਫਿਰ ਹੋਰ ਹੋਰ ਗੱਲਾਂ ਹੁੰਦੀਆ ਰਹੀਆਂ ਮਾਲ ਡੰਗਰ ਦੀਆਂ ਫਸਲਾਂ ਦੀਆ ਗਵਾਂਢੀ ਪਿੰਡਾਂ ਦੀਆਂ ਗੱਡੀ ਦੀਆਂ ਭੀੜਾਂ ਦੀਆਂ ਆ ਪਿੰਡ ਚੱਲੀਏ ਆਲਾ ਸਿੰਹਾਂ ਟੱਪ ਹੇਠ ਬਹਾਗੇ ਝੱਟ ਕੋਈ ਗੱਲ ਕਰਾਂਗੇ ਸੁਣਾਂਗੇ ਮੰਗਲ ਸਿੰਘ ਨੇ ਸਲਾਹ ਦਿੱਤੀ

(10)

## ਭਾਗ–ੲ

V. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ **ਪੰਦਰਾਂ** ਦੇ ਸੰਖੇਪ ਉੱਤਰ ਦਿਓ :

(1) ‘ਸ਼ੈਹਦ’ ਅਤੇ ‘ਹਿਰਣ’ ਸ਼ਬਦਾਂ ਦੇ ਸ਼ਬਦ ਜੋੜ ਸ਼ੁੱਧ ਕਰਕੇ ਲਿਖੋ।

(2) ‘ਖੇਤ’ ਅਤੇ ‘ਬਿਮਾਰੀ’ ਸ਼ਬਦਾਂ ਨੂੰ ਵਾਕਾਂ ਵਿਚ ਵਰਤੋ।

(3) ਇਕੱਠਵਾਚਕ ਨਾਂਵ ਦੀਆਂ ਦੋ ਉਦਾਹਰਣਾਂ ਦਿਓ।

(4) ਪੁਰਖਵਾਚਕ ਪੜਨਾਂਵ ਦੀਆਂ ਦੋ ਉਦਾਹਰਣਾਂ ਦਿਓ।

(5) ਕਿਰਿਆ ਦਾ ਭੁਤਕਾਲ ਰੂਪ ਦਰਸਾਉਂਦੇ ਹੋਏ ਦੋ ਵਾਕ ਲਿਖੋ।

(6) ਕਿਰਿਆ ਵਿਸ਼ੇਸ਼ਣ ਦੀਆਂ ਦੋ ਉਦਾਹਰਣਾਂ ਦਿਓ।

(7) 'ਮੈਂ ਪੜ੍ਹ ਰਿਹਾ ਹਾਂ।' ਇਸ ਵਾਕ ਨੂੰ ਭਵਿੱਖਤ ਕਾਲ ਵਿਚ ਬਦਲੋ।

(8) 'ਵਾਕ', 'ਹੱਸਦਾ' 'ਦੁੱਧ', 'ਹੁਣੇ'।

(ਕਿਰਿਆ ਵਿਸ਼ੇਸ਼ਣ ਸ਼ਬਦ ਚੁਣੋ)

(9) 'ਬਾਗ', 'ਪਾਣੀ', 'ਮੈਥੋਂ', 'ਘਰੋਂ'। (ਪੜਨਾਂਵ ਸ਼ਬਦ ਚੁਣੋ)

(10) 'ਦਰਾਣੀ' ਤੇ 'ਗੁਆਂਢਣ' ਸ਼ਬਦਾਂ ਦੇ ਪੁਲਿੰਗ ਲਿਖੋ।

(11) 'ਛਾਂ' ਅਤੇ 'ਆਲ੍ਹਣਾ' ਸ਼ਬਦਾਂ ਦੇ ਬਹੁਵਚਨ ਲਿਖੋ।

(12) 'ਸੁੰਦਰਤਾ' ਅਤੇ 'ਕਲਾਕਾਰ' ਸ਼ਬਦਾਂ ਦੇ ਪਿਛੇਤਰ ਅਲੱਗ ਕਰੋ।

(13) ਵੱਖ-ਵੱਖ ਸ਼ਬਦਾਂ ਤੋਂ ਜੁੜ ਕੇ ਬਣੇ ਦੋ ਸਮਰਸੀ ਸ਼ਬਦ ਲਿਖੋ।

(14) 'ਜੇ ਤੂੰ ਕਹੇਗਾ ਤਾਂ ਮੈਂ ਛੁੱਟੀ ਲੈਕੇ ਆ ਜਾਵਾਂਗਾ'।

(ਉਪਵਾਕਾਂ ਨੂੰ ਵੱਖ ਕਰਕੇ ਲਿਖੋ)

(15) ਸਧਾਰਨ ਵਾਕ ਦੀਆਂ ਦੋ ਉਦਾਹਰਣਾਂ ਦਿਓ।

(16) ਭਾਰਤ ਦੀ ਟੀਮ ਕ੍ਰਿਕਟ ਦਾ ਮੈਚ ਜਿੱਤ ਗਈ।

(ਵਾਕ ਵਿਚੋਂ ਕਰਮ ਵੱਖ ਕਰਕੇ ਲਿਖੋ)

(17) ਕਿਸੇ ਦੋ ਵਿਸ਼ਰਾਮ ਚਿੰਨ੍ਹਾਂ ਦੇ ਨਾਂ ਲਿਖੋ। 12